# ਟੋਨੀ ਬਲੇਅਰ ਦੀ ਬਸਤੀਵਾਦੀ ਦਲੀਲ

ਅਮਰੀਕਾ ਦੇ ਸ਼ਹਿਰ ਲਾਸ-ਐਂਜਲਸ ਵਿਚ ਗਏ ਹੋਏ ਬਰਤਾਨੀਆ ਦੇ ਵਜ਼ੀਰ-ਏ-ਆਜ਼ਮ ਟੋਨੀ ਬਲੇਅਰ ਨੇ ਸੰਸਾਰ ਦੀ ਮੌਜੂਦਾ ਹਾਲਾਤ ਦਾ ਜ਼ਿਕਰ ਕਰਦਿਆਂ ਇਕ ਬੜੀ ਅਹਿਮਕਾਨਾ ਦਲੀਲ ਦਿੰਦਿਆਂ ਕਿਹਾ ਹੈ ਕਿ ਮੱਧ-ਪੂਰਬ ਦੇ ਖਿਤੇ ਵਿਚਲੀ ਲੜਾਈ ਹੋਸ਼ਮੰਦ ਇਸਲਾਮੀ ਧਿਰਾਂ ਅਤੇ ਪਿਛਾਂਹਖਿੱਚੂ ਇਸਲਾਮੀ ਧਿਰਾਂ ਅਤੇ ਉਨ੍ਹਾਂ ਦੀਆਂ ਕਦਰਾਂ ਕੀਮਤਾਂ ਦਰਮਿਆਨ ਲੜਾਈ ਹੈ। ਉਹਨੇ ਕਿਹਾ ਕਿ ਇਸ ਲੜਾਈ ਵਿਚ ਅਮਰੀਕਾ ਅਤੇ ਬਰਤਾਨੀਆ ਹੋਸ਼ਮੰਦ ਇਸਲਾਮ ਦੇ ਹੱਕ ਵਿਚ ਹਨ ਲੇਕਿਨ ਪਿਛਾਂਹਖਿਚੂ ਇਸਲਾਮੀ ਧਿਰਾਂ ਦੀਆਂ ਕਦਰਾਂ-ਕੀਮਤਾਂ ਪੱਛਮੀ ਯੂਰਪ ਦੀਆਂ ਕਦਰਾਂ ਕੀਮਤਾਂ ਲਈ ਵੀ ਤੇ ਸਾਰੀ ਦੁਨੀਆ ਦੇ ਲੋਕਾਂ ਲਈ ਵੀ ਖ਼ਤਰਾ ਬਣ ਗਈਆਂ ਹਨ। ਇਸ ਲਈ ਇਰਾਕ, ਅਫ਼ਗਾਨਿਸਤਾਨ ਅਤੇ ਹੋਰਨਾਂ ਥਾਵਾਂ ਤੇ ਇਨ੍ਹਾਂ ਦਾ ਮੁਕਾਬਲਾ  ਕਰਨਾ ਅਤੇ ਯੂਰਪੀਅਨ ਤਰਜ਼ ਦੀ ਜਮਹੂਰੀਅਤ ਕਾਇਮ ਕਰਨਾ ਬਹੁਤ ਹੀ ਜ਼ਰੂਰੀ ਹੈ। ਉਹਨੇ ਇਹ ਵੀ ਕਿਹਾ ਕਿ ਮੱਧ-ਪੂਰਬ ਅਤੇ ਹੋਰ ਮੁਲਕਾਂ ਵਿਚ ਸਿਰਫ਼ ਹਕੂਮਤਾਂ ਨੂੰ ਬਦਲ ਦੇਣਾ ਹੀ ਕਾਫ਼ੀ ਨਹੀਂ ਬਲਕਿ ਇਨ੍ਹਾਂ ਮੁਲਕਾਂ ਵਿਚ ਗਾਲਿਬ ਕਦਰਾ-ਕੀਮਤਾਂ ਨੂੰ ਬਦਲਣ ਦੀ ਵੀ ਲੋੜ ਹੈ, ਅਤੇ ਅਮਰੀਕਾ ਅਤੇ ਬਰਤਾਨੀਆ ਦੀ ਕੋਸ਼ਿਸ਼ ਇਹੋ ਹੀ ਹੈ।

ਟੋਨੀ ਬਲੇਅਰ ਦੀਆਂ ਇਹ ਯੱਭਲੀਆਂ ਕੋਈ ਨਵੀਂ ਗੱਲ ਨਹੀਂ। ਬਸਤੀਵਾਦ ਅਤੇ ਸਾਮਰਾਜ ਹਮੇਸ਼ਾ ਹੀ ਆਪਣੇ ਪਿੱਠੂਆਂ ਨੂੰ ਹੋਸ਼ਮੰਦ, ਮਾਡਰਨ, ਅਤੇ ਸਿਵੀਲਾਈਜ਼ਡ ਕਹਿੰਦੇ ਆਏ ਹਨ। ਜਿਹੜੇ ਲੋਕ ਬਸਤੀਵਾਦ ਦੀ ਲੁੱਟ ਦਾ ਵਿਰੋਧ ਕਰਦੇ ਹਨ ਉਨ੍ਹਾਂ ਨੂੰ ਇਹ ਵਹਿਸ਼ੀ, ਪੱਛੜੇ ਹੋਏ ਅਤੇ ਤਰੱਕੀ ਦੇ ਵਿਰੋਧੀ ਹੀ ਗਰਦਾਨਦੇ ਆਏ ਹਨ। ਹਿੰਦੁਸਤਾਨ ਦੀ 1857 ਦੀ ਪਹਿਲੀ ਜੰਗੇ-ਏ-ਆਜ਼ਾਦੀ ਨੂੰ ਅੰਗਰੇਜ਼ ਬਸਤੀਵਾਦੀਆਂ ਨੇ ਕੁਝ ਪੱਛੜੇ ਹੋਏ ਲੋਕਾਂ ਦੀ ਬਗ਼ਾਵਤ ਕਿਹਾ ਸੀ ਜੋ ਬਸਤੀਵਾਦ ਵਲੋਂ ਹਿੰਦੁਸਤਾਨ ਵਿਚ ਸੁਧਾਰ ਲਿਆਉਣ ਦੇ ਖਿਲਾਫ ਸਨ ਤੇ ਹਿੰਦੁਸਤਾਨ ਨੂੰ ਪੱਛੜਿਆ ਹੋਇਆ ਹੀ ਰਖਣਾ ਚਾਹੁੰਦੇ ਸਨ। ਅੰਗਰੇਜ਼ ਬਸਤੀਵਾਦੀਏ ਆਪਣੇ ਝੋਲੀਚੁਕਾਂ ਨੂੰ ਮਾਡਰਨ, ਹੋਸ਼ਮੰਦ ਅਤੇ ਤਰੱਕੀ ਦੇ ਹਾਮੀ ਹੋਣ ਦੇ ਸਰਟੀਫ਼ਿਕੇਟ ਵੀ ਦਿੰਦੇ ਸੀ ਅਤੇ `ਸਰ` ਅਤੇ `ਲਾਰਡ` ਦੇ ਖ਼ਿਤਾਬਾਂ ਨਾਲ ਵੀ ਨਿਵਾਜਦੇ ਸੀ।

ਵੀਅਤਨਾਮ ਵਿਚ ਆਪਣੀ ਆਜ਼ਾਦੀ ਲਈ ਲੜ ਰਹੇ ਵੀਅਤਕਾਂਗ ਦੇਸ਼ਭਗਤਾਂ ਨੂੰ ਵੀ ਇਹ ਪੱਛੜੇ ਹੋਏ, ਆਜ਼ਾਦੀ ਦੇ ਦੁਸ਼ਮਣ ਅਤੇ ਇੰਤਿਹਾਪਸੰਦ ਹੀ ਦਸਦੇ ਸੀ, ਅਤੇ ਡੀਮ ਵਰਗੇ ਆਪਣੇ ਪਿੱਠੂਆਂ ਨੂੰ ਹੋਸ਼ਮੰਦ, ਮਾਡਰਨ, ਜਮਹੂਰੀ ਅਤੇ ਅਮਨ ਪਸੰਦ ਦਸਦੇ ਸੀ। ਇਰਾਨ ਦੇ ਸ਼ਾਹ ਨੂੰ ਵੀ ਅਮਰੀਕਨ ਸਾਮਰਾਜੀਏ ਮਾਡਰਨ ਅਤੇ ਹੋਸ਼ਮੰਦ ਹੀ ਕਹਿੰਦੇ ਹੁੰਦੇ ਸੀ। ਜਿੰਮੀ ਕਾਰਟਰ ਨੇ ਤਾਂ 1978 ਵਿਚ ਇਹ ਵੀ ਕਿਹਾ ਸੀ ਕਿ ਇਰਾਨ ਦਾ ਸ਼ਾਹ ਗੜਬੜ ਦੇ ਸਮੁੰਦਰ ਵਿਚ ਇਕ ਅਮਨ ਦਾ ਜਜ਼ੀਰਾ ਹੈ।

ਮੱਧ-ਪੂਰਬ ਵਿਚ ਜਿਹੜੀਆਂ ਵੀ ਸਰਕਾਰਾਂ ਅਤੇ ਅਮੀਰ-ਵਜ਼ੀਰ ਅਮਰੀਕਾ ਦਾ ਹੁੱਕਾ ਭਰਦੇ ਹਨ ਉਨ੍ਹਾਂ ਨੂੰ ਬੁਸ਼ ਅਤੇ ਬਲੇਅਰ ਹੋਸ਼ਮੰਦ ਅਤੇ ਮਾਡਰਨ ਕਹਿੰਦੇ ਹਨ। ਫ਼ਲਸਤੀਨ ਦੇ ਲੋਕਾਂ ਨੂੰ ਅਤੇ ਸਾਮਰਾਜ ਅਤੇ ਇਸਦੇ ਝੋਲੀਚੁਕਾਂ ਦੇ ਖ਼ਿਲਾਫ਼ ਆਪਣੀ ਆਜ਼ਾਦੀ ਅਤੇ ਇੱਜ਼ਤ ਲਈ ਲੜ ਰਹੇ ਲੋਕਾਂ ਨੂੰ ਪੱਛੜੇ ਹੋਏ ਅਤੇ ਤਰੱਕੀ ਦੇ ਖ਼ਿਲਾਫ਼ ਕਹਿਕੇ ਕੁਚਲਣਾ ਅਸਾਨ ਬਣਾਉਣ ਲਈ ਇਹ ਆਮ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਮੱਧ-ਪੂਰਬ ਵਿਚ ਅੱਜ ਸਾਮਰਾਜ ਅਤੇ ਇਸਦੇ ਪਿੱਠੂਆਂ ਦੇ ਰਾਜ ਦੇ ਖ਼ਿਲਾਫ ਇਕ ਜਬਰਦਸਤ ਲਹਿਰ ਚਲ ਰਹੀ ਹੈ। ਇਹ ਲਹਿਰ ਸਾਮਰਾਜ ਅਤੇ ਇਸਦੇ ਪਿਠੂਆਂ ਦਾ ਰਾਜ ਖ਼ਤਮ ਕਰਕੇ ਆਪਣੀ ਤਕਦੀਰ ਦਾ ਮਾਲਕ ਆਪ ਬਣਨ ਲਈ ਹੈ ਅਤੇ ਆਪਣੇ ਕੁਦਰਤੀ ਸਾਧਨਾਂ ਨੂੰ ਆਪਣੇ ਹੱਥ ਵਿਚ ਲੈ ਕੇ ਆਪਣੇ ਵਿਰਸੇ ਅਤੇ ਹਾਲਾਤ ਮੁਤਾਬਿਕ ਇਸ ਖਿਤੇ ਲਈ ਨਵੀਂ ਉਸਾਰੀ ਕਰਨ ਲਈ ਹੈ। ਪਰ ਸਾਮਰਾਜ ਤੇ ਇਸਦੇ ਹਥਠੋਕਿਆਂ ਨੂੰ ਇਹ ਗੱਲ ਪਸੰਦ ਨਹੀਂ ਕਿਉਂਕਿ ਇਹ ਮੱਧ-ਪੂਰਬ ਦਾ ਤੇਲ ਆਪਣੇ ਸ਼ਿਕੰਜੇ ਵਿਚ ਹੀ ਰਖਣਾ ਚਾਹੁੰਦੇ ਹਨ ਅਤੇ ਏਸ਼ੀਆ ਉਤੇ ਕਬਜ਼ੇ ਲਈ ਇਸ ਨੂੰ ਬਹੁਤ ਹੀ ਜ਼ਰੂਰੀ ਸਮਝਦੇ ਹਨ। ਇਸ ਕਰਕੇ, ਇਹ ਸਾਮਰਾਜ ਖ਼ਿਲਾਫ਼ ਲੋਕਾਂ ਦੀ ਇਸ ਲਹਿਰ ਨੂੰ ਬੰਬਾਂ ਨਾਲ ਕੁਚਲਣ ਦੀ ਕੋਸ਼ਿਸ਼ ਕਰ ਰਹੇ ਹਨ।

ਮੱਧ-ਪੂਰਬ ਵਿਚ ਸਾਮਰਾਜ ਖ਼ਿਲਾਫ਼ ਲੋਕਾਂ ਦੀ ਲਹਿਰ ਤਮਾਮ ਦੁਨੀਆ ਦੇ ਲੋਕਾਂ ਦੀ ਆਪਣੀ ਕਿਸਮਤ ਦੇ ਫੈਸਲੇ ਆਪ ਕਰਨ ਦੀ ਲਹਿਰ ਦਾ ਇਕ ਅਟੁੱਟ ਹਿੱਸਾ ਹੈ।

ਮੱਧ-ਪੂਰਬ ਦੇ ਲੋਕਾਂ ਨੂੰ ਸਾਰੀ ਦੁਨੀਆ ਦੇ ਮਿਹਨਤੀ, ਰੌਸ਼ਨਖ਼ਿਆਲ ਅਤੇ ਆਜ਼ਾਦੀ ਪਸੰਦ ਲੋਕਾਂ ਦੀ ਹਿਮਾਇਤ ਹਾਸਲ ਹੈ। ਮਿਸਾਲ ਦੇ ਤੌਰ ਤੇ ਜਦੋਂ ਅਮਰੀਕਾ ਦਾ ਸਦਰ ਬੁਸ਼ ਹਿੰਦੁਸਤਾਨ ਗਿਆ ਸੀ ਤਾਂ ਕਰੋੜਾਂ ਹੀ ਲੋਕਾਂ ਨੇ ਉਸਦੀ ਨਿਖੇਧੀ ਕੀਤੀ ਅਤੇ ਇਰਾਕ ਅਤੇ ਅਫਗਾਨੀਸਤਾਨ ਦੇ ਲੋਕਾਂ ਦੇ ਹੱਕ ਵਿਚ ਮੁਜ਼ਾਹਰੇ ਕੀਤੇ ਸੀ ਅਤੇ ਇਸੇ ਤਰਾਂ ਹੋਰਨਾਂ ਥਾਵਾਂ ਤੇ ਵੀ ਲੋਕ ਮੱਧ-ਪੂਰਬ ਦੇ ਲੋਕਾਂ ਦੀ ਜਦੋਜਹਿਦ ਦੀ ਹਮਾਇਤ ਕਰ ਰਹੇ ਹਨ। ਬਰਤਾਨੀਆ ਵਿਚ ਵੀ ਟੋਨੀ ਬਲੇਅਰ ਵਲੋਂ ਲਾਈ ਹੋਈ ਜੰਗ ਦੀ ਲੋਕ ਕਾਫ਼ੀ ਮੁਖ਼ਾਲਫ਼ਤ ਕਰਦੇ ਹਨ ਤੇ ਅਮਰੀਕਾ ਵਿਚ ਵੀ ਲੋਕ ਇਸ ਜੰਗ ਦੇ ਖ਼ਿਲਾਫ਼ ਹਨ। ਪਰ ਬੁਸ਼ ਅਤੇ ਬਲੇਅਰ ਦੀਆਂ ਸਰਕਾਰਾਂ ਲੋਕ-ਰਾਏ ਦੀ ਕੋਈ ਪਰਵਾਹ ਨਹੀਂ ਕਰਦੀਆਂ ਤੇ  ਮੁੱਠੀ ਭਰ ਸਾਮਰਾਜੀਆਂ ਦੇ ਹਿਤਾਂ ਲਈ ਲੋਕਾਂ ਨੂੰ ਜੰਗ ਦੀ ਭੱਠੀ ਵਿਚ ਝੋਕ ਰਹੀਆਂ ਹਨ।